بِسۡمِ اللّٰہِ الرَّحۡمٰنِ الرَّحِیۡم          نَحۡمَدُہٗ وَ نُصَلِّی عَلٰی رَسُوۡلِہِ الۡکَرِیۡم          وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਨ 06 ਹਿਜਰੀ ਦੀਆਂ ਜੰਗਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਦੁਨੀਆ ਦੇ ਵਿਗੜਦੇ ਸਿਆਸੀ ਹਾਲਾਤਾਂ ਅਤੇ ਆਸਮਾਨੀ ਆਫ਼ਤਾਂ ਦੇ ਬਾਰੇ ਦੁਆਵਾਂ ਦੀ ਤਲਕ਼ੀਨ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 20 ਦਿਸੰਬਰ 2024 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਪਹਿਲੂ ਜੰਗਾਂ ਅਤੇ ਸਿਰੱਿਯਾ ਦੇ ਹਵਾਲੇ ਨਾਲ਼ ਬਿਆਨ ਹੋ ਰਹੇ ਸਨ। ਇਸ ਬਾਰੇ ਇੱਕ ਸਿਰੱਿਯਾ ਉੱਕਾਸ਼ਾ ਬਿਨ ਮੁਹਸਿਨ ਦਾ ਵੀ ਜ਼ਿਕਰ ਮਿਲਦਾ ਹੈ। ਇਹ ਸਿਰੱਿਯਾ ਗ਼ਮਰ ਮਰਜ਼ੂਕ਼ ਦੇ ਵੱਲ 06 ਹਿਜਰੀ ਵਿੱਚ ਹੋਇਆ। ਸੀਰਤ ਖ਼ਾਤਮੁੰਨ ਨਬਿੱਯੀਨ ਸੱਲ-ਲੱਲਾਹੁ ਅਲੈਹਿ-ਵਸੱਲਮ ਵਿੱਚ ਲਿਖਿਆ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਇੱਕ ਮੁਹਾਜਿਰ (ਅੱਲਾਹ ਤਾਅਲਾ ਦੇ ਰਾਹ ਵਿੱਚ ਹਿਜਰਤ/ਪਰਵਾਸ ਕਰਨ ਵਾਲਾ ਵਿਅਕਤੀ) ਸਹਾਬੀ ਉੱਕਾਸ਼ਾ ਬਿਨ ਮੁਹਸਿਨ ਰਜ਼ਿ ਅੱਲਾਹੁ ਅਨਹੁ ਨੂੰ ਚਾਲ਼ੀ (40) ਮੁਸਲਮਾਨਾਂ ‘ਤੇ ਅਫ਼ਸਰ ਬਣਾ ਕੇ ਕ਼ਬੀਲਾ ਬਨੂ ਅਸਦ ਦੇ ਵੱਲ ਮੁਕ਼ਾਬਲੇ ਦੇ ਲਈ ਭਿਜਵਾਇਆ। ਪਰ ਮੁਸਲਮਾਨਾਂ ਦੀ ਖ਼ਬਰ ਸੁਣ ਕੇ ਇਹ ਲੋਕ ਆਸੇ ਪਾਸੇ ਦੇ ਇਲਾਕ਼ਿਆਂ ਵਿੱਚ ਖਿੱਲਰ ਗਏ।

ਇਸੇ ਤਰ੍ਹਾਂ ਇੱਕ ਹੋਰ ਸਿਰੱਿਯਾ ਦਸ (10) ਆਦਮੀਆਂ ਦੇ ਨਾਲ਼ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਦੀ ਸਰਬਰਾਹੀ ਵਿੱਚ 06 ਹਿਜਰੀ ਵਿੱਚ ਬਨੂ ਸਾਅਲਬਾ ਅਤੇ ਬਾਕ਼ੀਆਂ ਵੱਲ ਭੇਜਿਆ ਗਿਆ। ਜਦ ਇਹ ਜਮਾਅਤ ਉੱਥੇ ਪਹੁੰਚੀ ਤਾਂ ਵਿਰੋਧੀਆਂ ਦੇ ਸੌ (100) ਆਦਮੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਨੇਜ਼ਿਆਂ ਅਤੇ ਤੀਰਾਂ ਨਾਲ਼ ਹਮਲਾ ਕਰਕੇ ਸਭ ਨੂੰ ਸ਼ਹੀਦ ਕਰ ਦਿੱਤਾ। ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਸ਼ਦੀਦ ਜ਼ਖ਼ਮੀ ਹਾਲਤ ਵਿੱਚ ਡਿੱਗ ਪਾਏ। ਵਿਰੋਧੀਆਂ ਨੇ ਉਨ੍ਹਾਂ ਦੇ ਕੱਪੜੇ ਲਾਹ ਲਏ ਅਤੇ ਉਨ੍ਹਾਂ ਨੂੰ ਉੱਥੇ ਹੀ ਪਿਆ ਛੱਡ ਗਏ। ਇੱਕ ਮੁਸਲਮਾਨ ਵਿਅਕਤੀ ਉੱਥੋਂ ਲੰਘਿਆ ਤਾਂ ਸ਼ਹੀਦਾਂ ਨੂੰ ਦੇਖ ਕੇ ਉਸਨੇ إِنَّا لِلّٰهِ وَإِنَّآ إِلَيۡهِ رَاجِعُوۡنَ ਇੰਨਾ ਲਿੱਲਾਹਿ ਵ-ਇੰਨਾ ਇ-ਲਈਹਿ ਰਾਜਿਊਨ ਪੜ੍ਹਿਆ। ਜਦ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੇ ਉਸਦੀ ਆਵਾਜ਼ ਸੁਣੀ ਤਾਂ ਹਰਕਤ ਕੀਤੀ। ਉਸ ਵਿਅਕਤੀ ਨੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਖਾਣਾ ਦਿੱਤਾ ਅਤੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਸਵਾਰੀ ‘ਤੇ ਬਿਠਾ ਕੇ ਮਦੀਨਾ ਵਾਪਿਸ ਲੈ ਆਇਆ।

ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਦੇ ਸਾਥੀਆਂ ਦੀ ਸ਼ਹਾਦਤ ਦੇ ਜ਼ਿੰਮੇਦਾਰ ਵਿਰੋਧੀਆਂ ਤੋਂ ਬਾਦਲ ਲੈਣ ਲਈ ਇੱਕ ਸਿਰੱਿਯਾ ਦਾ ਜ਼ਿਕਰ ਮਿਲ਼ਦਾ ਹੈ। ਇਹ ਸਿਰੱਿਯਾ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਕਹਾਉਂਦਾ ਹੈ। ਇਸਦੇ ਵਿਸਥਾਰ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਦੇ ਸਾਥੀਆਂ ਦੀ ਸ਼ਹਾਦਤ ਦੇ ਨਾਲ਼ ਇਹ ਸੂਚਨਾ ਵੀ ਮਿਲ਼ੀ ਸੀ ਕਿ ਕ਼ਬੀਲਾ ਬਨੂ ਸਾਅਲਬਾ ਮਦੀਨੇ ਦੇ ਆਲ਼ੇ ਦੁਆਲ਼ੇ ਹਮਲੇ ਦਾ ਇਰਾਦਾ ਰੱਖਦਾ ਹੈ, ਇਸ ਕਰਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਹੇਠ ਚਾਲ਼ੀ

(40) ਮੁਸਤਇਦ ਸਹਾਬਾ ਨੂੰ ਰਵਾਨਾ ਕੀਤਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਿਦਾਇਤ ਫ਼ਰਮਾਈ ਸੀ ਕਿ ਰਾਤੋਂ ਰਾਤ ਸਫ਼ਰ ਕਰਕੇ ਸਵੇਰੇ ਸਵੇਰੇ ਉਨ੍ਹਾਂ ਤੱਕ ਜਾ ਪਹੁੰਚੋ। ਇਸ ਲਈ ਇਸ ਇਰਸ਼ਾਦ ਦੀ ਤਾਅਮੀਲ ਵਿੱਚ ਐਨ ਸਵੇਰ ਦੇ ਵੇਲੇ ਉਨ੍ਹਾਂ ਨੇ ਵਿਰੋਧੀਆਂ ਦਾ ਘੇਰਾਅ ਕਰ ਲਿਆ ਅਤੇ ਥੋੜੇ ਜਿਹੇ ਮੁਕ਼ਾਬਲੇ ਦੇ ਬਾਅਦ ਵਿਰੋਧੀ ਭੱਜ ਨਿਕਲੇ। ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਨੇ ਮਾਲਿ ਗ਼ਨੀਮਤ 'ਤੇ ਕ਼ਬਜ਼ਾ ਕੀਤਾ ਤੇ ਮਦੀਨੇ ਬਹੁੜ ਆਏ।

ਇਸ ਮੁਹਿੰਮ ਵਿੱਚ ਜਿਨ੍ਹਾਂ ਦੋ ਸਹਾਬੀਆਂ ਦਾ ਜ਼ਿਕਰ ਮਿਲਦਾ ਹੈ ਯਾਨੀ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ, ਉਹ ਦੋਵੇਂ ਕਿਬਾਰ ਸਹਾਬਾ (ਵਡੇਰੇ ਸਹਾਬਾ) ਵਿੱਚੋਂ ਸਨ। ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਆਪਣੀਆਂ ਨਿਜੀ ਸਿਫ਼ਤਾਂ ਅਤੇ ਕ਼ਾਬਿਲੀਅਤ ਦੇ ਇਲਾਵਾ ਕਾਅਬ ਬਿਨ ਅਸ਼ਰਫ਼ ਯਹੂਦੀ ਦੇ ਕ਼ਤਲ ਦੇ ਹੀਰੋ ਵੀ ਸਨ ਕਿਉਂਕਿ ਇਹ ਫ਼ਸਾਦੀ ਇਨ੍ਹਾਂ ਦੇ ਹੀ ਹੱਥੋਂ ਸੋਧਿਆ ਗਿਆ ਸੀ। ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਅੰਸਾਰ ਦੇ ਕ਼ਬੀਲਾ ਔਸ ਨਾਲ ਸੰਬੰਧ ਰੱਖਦੇ ਸਨ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੀ ਖ਼ਿਲਾਫ਼ਤ ਵਿੱਚ ਉਨ੍ਹਾਂ ਦੇ ਖ਼ਾਸ ਸਹਾਇਕ ਸਮਝੇ ਜਾਂਦੇ ਸਨ। ਫਲਸਰੂਪ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਆਮ ਤੌਰ 'ਤੇ ਉਨ੍ਹਾਂ ਨੂੰ ਹੀ ਆਪਣੇ ਕਰਮਚਾਰੀਆਂ ਦੀਆਂ ਸ਼ਿਕਾਇਤਾਂ ਦੀ ਤਹਕ਼ੀਕ਼ ਦੇ ਲਈ ਭਿਜਵਾਇਆ ਕਰਦੇ ਸਨ। ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਦੀ ਵਫ਼ਾਤ ਤੋਂ ਬਾਅਦ ਜਦ ਮੁਸਲਮਾਨਾਂ ਵਿੱਚ ਅੰਦਰੂਨੀ ਫ਼ਿਤਨਿਆਂ ਦਾ ਬੂਹਾ ਖੁੱਲ੍ਹਿਆ ਤਾਂ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੇ ਆਪਣੀ ਤਲਵਾਰ ਇੱਕ ਪੱਥਰ 'ਤੇ ਮਾਰ ਕੇ ਤੋੜ ਦਿੱਤੀ ਅਤੇ ਹੱਥ ਵਿੱਚ ਸਿਰਫ਼ ਇੱਕ ਸੋਟੀ ਲੈ ਲਈ ਅਤੇ ਜਦ ਕਿਸੇ ਨੇ ਇਸਦਾ ਕਾਰਣ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਮੈਂ ਇਹੀ ਸੁਣਿਆ ਹੋਇਆ ਹੈ ਕਿ ਜਦ ਮੁਸਲਮਾਨਾਂ ਦੇ ਅੰਦਰ ਆਪਸੀ ਕ਼ਤਲੋ ਗ਼ਾਰਤ ਦਾ ਬੂਹਾ ਖੁੱਲ੍ਹੇ ਤਾਂ ਤੁਸੀਂ ਤਲਵਾਰ ਤੋੜ ਕੇ ਘਰ ਦੇ ਅੰਦਰ ਇੰਝ ਦੁਬਕ ਕੇ ਬੈਠ ਜਾਇਓ ਜਿਸ ਤਰ੍ਹਾਂ ਕਿਸੇ ਕਮਰੇ ਦਾ ਫ਼ਰਸ਼ ਪਿਆ ਹੋਇਆ ਹੁੰਦਾ ਹੈ। ਇਹ ਹੁਕਮ ਸ਼ਾਇਦ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਦੇ ਲਈ ਜਾਂ ਇਨ੍ਹਾਂ ਫ਼ਿਤਨਿਆਂ ਦੇ ਲਈ ਖ਼ਾਸ ਸੀ ਨਹੀਂ ਤਾਂ ਕਈ ਵਾਰ ਅੰਦਰੂਨੀ ਫ਼ਿਤਨਿਆਂ ਦਾ ਮੁਕ਼ਾਬਲਾ ਵੀ ਇੱਕ ਵੱਡੀ ਦੀਨੀ ਖ਼ਿਦਮਤ ਦਾ ਰੰਗ ਰੱਖਦਾ ਹੈ।

ਦੂਸਰੇ ਸਹਾਬੀ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਸਨ। ਇਹ ਚੋਟੀ ਦੇ ਸਹਾਬਾ ਵਿੱਚੋਂ ਸਨ ਅਤੇ ਕੁਰੈਸ਼ੀ ਸਨ। ਉਨ੍ਹਾਂ ਦੀ ਬੁਲੰਦ ਸ਼ਾਨ ਇਸੇ ਤੋਂ ਜ਼ਾਹਿਰ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਅਮੀਨੁਲ ਮਿੱਲਤ أَمِيْنُ الْمِلَّةِ (ਕ਼ੌਮ ਦਾ ਅਮਾਨਤਦਾਰ) ਦਾ ਖ਼ਿਤਾਬ ਦਿੱਤਾ ਸੀ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਵਫ਼ਾਤ ਦੇ ਬਾਅਦ ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਜਿਨ੍ਹਾਂ ਦੋ ਸਹਾਬਾ ਨੂੰ ਖ਼ਿਲਾਫ਼ਤ ਦੇ ਕ਼ਾਬਿਲ ਸਮਝਿਆ ਉਨ੍ਹਾਂ ਵਿੱਚੋਂ ਇੱਕ ਇਹ ਵੀ ਸਨ। ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੇ ਦੌਰ ਵਿੱਚ ਪਲੇਗ (ਤਾਊਨ) ਦੀ ਬੀਮਾਰੀ ਨਾਲ ਵਫ਼ਾਤ ਪਾ ਕੇ ਸ਼ਹੀਦ ਹੋਏ।

ਫਿਰ ਇੱਕ ਸਿਰਿੱਯਾ ਹੈ ਸਿਰਿੱਯਾ ਜ਼ੈਦ ਬਿਨ ਹਾਰਸਾ, ਜਿਹੜਾ 06 ਹਿਜਰੀ ਵਿੱਚ ਬਨੂ ਸਲੀਮ ਵੱਲ ਭੇਜਿਆ ਗਿਆ।

ਇਸੇ ਤਰ੍ਹਾਂ ਇੱਕ ਹੋਰ ਸਿਰਿੱਯਾ ਜ਼ੈਦ ਬਿਨ ਹਾਰਸਾ ਦੀ ਅਗਵਾਈ ਵਿੱਚ ਇੱਕ ਸੌ ਸੱਤਰ (170) ਸਹਾਬਾ ਦੇ ਨਾਲ 06 ਹਿਜਰੀ ਵਿੱਚ ਈਸ ਦੇ ਵੱਲ ਭੇਜਿਆ ਗਿਆ।

ਇਨ੍ਹਾਂ ਵਾਕ਼ਿਆਂ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜਵਾਈ ਹਜ਼ਰਤ ਅਬੁਲ ਆਸ ਬਿਨ ਰਬੀਅ ਦੇ ਕ਼ੈਦ ਹੋਣ ਅਤੇ ਇਸਲਾਮ ਕ਼ਬੂਲ ਕਰਨ ਦਾ ਵੀ ਜ਼ਿਕਰ ਮਿਲਦਾ ਹੈ। ਇਹ ਆਪਣਾ ਵਪਾਰਿਕ ਮਾਲ ਮੁਸਲਮਾਨਾਂ ਦੇ ਕ਼ਬਜ਼ੇ 'ਚ ਚਲੇ ਜਾਣ ਦੇ ਬਾਅਦ ਮਦੀਨੇ ਆਏ ਅਤੇ ਰਸੂਲਿ ਖ਼ੁਦਾ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬੇਟੀ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਕੋਲੋਂ ਪਨਾਹ ਮੰਗੀ, ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਨੇ ਉਨ੍ਹਾਂ ਨੂੰ ਪਨਾਹ ਦੇ ਦਿੱਤੀ। ਜਦ ਰਸੂਲਿ ਖ਼ੁਦਾ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਲੋਕਾਂ ਨੂੰ ਫ਼ਰਮਾਇਆ ਕਿ ਮੈਨੂੰ ਵੀ ਇਸ ਗੱਲ ਦਾ ਹੁਣੇ ਪਤਾ ਲੱਗਾ ਹੈ ਅਤੇ ਮੈਂ ਪਹਿਲਾਂ ਇਸ ਗੱਲ

ਨੂੰ ਨਹੀਂ ਜਾਣਦਾ ਸੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਦੀ ਬੇਨਤੀ 'ਤੇ ਹਜ਼ਰਤ ਅਬੁਲ ਆਸ ਦਾ ਸਾਰਾ ਮਾਲ ਵਾਪਿਸ ਕਰਨ ਦੀ ਸਿਫ਼ਾਰਿਸ਼ ਕੀਤੀ ਜਿਸ 'ਤੇ ਨਾ ਸਿਰਫ਼ ਹਜ਼ਰਤ ਅਬੁਲ ਆਸ ਬਲਕਿ ਬਾਕ਼ੀ ਤਮਾਮ ਲੋਕਾਂ ਦਾ ਵੀ ਮਾਲ ਵਾਪਿਸ ਕਰ ਦਿੱਤਾ ਗਿਆ। ਹਜ਼ਰਤ ਅਬੁਲ ਆਸ ਵਾਪਿਸ ਮੱਕੇ ਗਏ ਅਤੇ ਲੋਕਾਂ ਨੂੰ ਉਨ੍ਹਾਂ ਦੇ ਮਾਲ ਵਾਪਿਸ ਕਰਕੇ ਉਨ੍ਹਾਂ ਦੇ ਸਾਹਮਣੇ ਆਪਣੇ ਇਸਲਾਮ ਕ਼ਬੂਲ ਕਰਨ ਦਾ ਐਲਾਨ ਕੀਤਾ। ਇਸਲਾਮ ਕ਼ਬੂਲ ਕਰਨ ਦੇ ਐਲਾਨ ਤੋਂ ਬਾਅਦ ਹਜ਼ਰਤ ਅਬੁਲ ਆਸ ਰਜ਼ਿ ਅੱਲਾਹੁ ਅਨਹੁ ਮਦੀਨੇ ਆਏ ਤਾਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਗ਼ੈਰ ਕਿਸੇ ਨਵੇਂ ਨਿਕਾਹ ਦੇ ਹਜ਼ਰਤ ਜ਼ੈਨਬ ਰਜ਼ਿ ਅੱਲਾਹੁ ਅਨਹਾ ਨੂੰ ਉਨ੍ਹਾਂ ਵੱਲ ਪਰਤਾ ਦਿੱਤਾ। ਹਜ਼ਰਤ ਅਬੁਲ ਆਸ ਰਜ਼ਿ ਅੱਲਾਹੁ ਅਨਹੁ ਦਾ ਕਾਰੋਬਾਰ ਮੱਕੇ ਵਿੱਚ ਸੀ ਇਸ ਲਈ ਆਪ ਜ਼ਿਆਦਾ ਦੇਰ ਮਦੀਨੇ ਵਿੱਚ ਨਾ ਰਹਿ ਸਕੇ ਅਤੇ ਮੱਕੇ ਪਰਤ ਆਏ। ਬਾਰਾਂ (12) ਹਿਜਰੀ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਦੀ ਵਫ਼ਾਤ ਹੋਈ।

ਇੱਕ ਜੰਗ ਬਨੂ ਲੈਹਾਨ 06 ਹਿਜਰੀ ਵਿੱਚ ਹੋਈ। ਇਸ ਜੰਗ ਦੇ ਪਿਛੋਕੜ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਵਾਕ਼ਿਆ ਰਜੀਅ ਦਾ ਜ਼ਿਕਰ ਕੀਤਾ ਹੈ ਕਿ ਜਦ ਦਸ (10) ਬੇ ਗੁਨਾਹ ਮੁਸਲਮਾਨਾਂ ਨੂੰ ਨਿਹਾਇਤ ਬੇ ਦਰਦੀ ਨਾਲ਼ ਸ਼ਹੀਦ ਕਰ ਦਿੱਤਾ ਗਿਆ ਸੀ। ਕਿਉਂਕਿ ਬਨੂ ਲੈਹਾਨ ਅਜੇ ਤੱਕ ਮੁਸਲਮਾਨਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਵਿੱਚ ਰੁੱਝੇ ਹੋਏ ਸਨ ਇਸ ਲਈ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹੀ ਸਮਝਿਆ ਕਿ ਉਨ੍ਹਾਂ ਨੂੰ ਥੋੜਾ ਡਰਾਵਾ ਹੋ ਜਾਏ। ਫਲਸਰੂਪ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਨਾਲ਼ ਦੋ ਸੌ (200) ਸਹਾਬਾ ਅਤੇ ਵੀਹ (20) ਘੋੜੇ ਲੈ ਕੇ ਉਨ੍ਹਾਂ ਵੱਲ ਰਵਾਨਾ ਹੋਏ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਉਨ੍ਹਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਉੱਥੇ ਪਹੁੰਚ ਗਏ ਪਰ ਬਨੂ ਲੈਹਾਨ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਆਮਦ ਦੀ ਖ਼ਬਰ ਮਿਲ਼ ਗਈ ਅਤੇ ਉਹ ਪਹਾੜਾਂ ਦੀਆਂ ਚੋਟੀਆਂ ਵਿੱਚ ਜਾ ਕੇ ਲੁਕ ਗਏ ਅਤੇ ਉਨ੍ਹਾਂ ਵਿੱਚੋਂ ਕੋਈ ਵੀ ਫੜਿਆ ਨਾ ਜਾ ਸਕਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇੱਕ (01) ਜਾਂ ਦੋ (02) ਦਿਨ ਉੱਥੇ ਠਹਿਰੇ ਰਹੇ ਅਤੇ ਕਈ ਪਾਰਟੀਆਂ ਨੂੰ ਆਲ਼ੇ ਦੁਆਲ਼ੇ ਭਿਜਵਾਇਆ ਪਰ ਕੋਈ ਫੜਿਆ ਨਾ ਜਾ ਸਕਿਆ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਇਸ ਸਫ਼ਰ ਵਿੱਚ ਜਦ ਉੱਥੇ ਪਹੁੰਚੇ ਜਿੱਥੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਹਾਬਾ ਸ਼ਹੀਦ ਹੋਏ ਸਨ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਸ਼ਦੀਦ ਰਿੱਕ਼ਤ ਤਾਰੀ ਹੋ ਗਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਿਹਾਇਤ ਦਰਦ ਨਾਲ਼ ਉਨ੍ਹਾਂ ਸ਼ਹੀਦਾਂ ਲਈ ਦੁਆ ਮੰਗੀ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਇਸ ਸਫ਼ਰ ਦੀ ਵਾਪਸੀ 'ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਦੁਆ ਕੀਤੀ ਜਿਹੜੀ ਬਾਅਦ ਵਿੱਚ ਮੁਸਲਮਾਨ ਆਮ ਤੌਰ 'ਤੇ ਆਪਣੇ ਸਫ਼ਰਾਂ ਦੀ ਵਾਪਸੀ 'ਤੇ ਪੜ੍ਹਿਆ ਕਰਦੇ ਹਨ ਅਤੇ ਉਹ ਦੁਆ ਇਹ ਹੈ اٰئِبُوْنَ تَائِبُوْنَ عَابِدُوْنَ سَاجِدُوْنَ لِرَبِّنَا حَامِدُوْنَ ਯਾਨੀ ਅਸੀਂ ਆਪਣੇ ਖ਼ੁਦਾ ਵੱਲ ਪਰਤਣ ਵਾਲ਼ੇ ਹਾਂ, ਉਸੇ ਵੱਲ ਝੁਕਣ ਵਾਲ਼ੇ ਹਾਂ, ਉਸੇ ਦੀ ਇਬਾਦਤ ਕਰਨ ਵਾਲ਼ੇ ਹਾਂ, ਉਸੇ ਦੇ ਸਾਹਮਣੇ ਡਿੱਗਣ ਵਾਲ਼ੇ ਹਾਂ ਅਤੇ ਆਪਣੇ ਰੱਬ ਦੀ ਤਾਰੀਫ਼ ਦੇ ਗੀਤ ਗਾਉਣ ਵਾਲ਼ੇ ਹਾਂ। ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਬਾਅਦ ਦੇ ਸਫ਼ਰਾਂ ਵਿੱਚ ਵੀ ਆਮ ਤੌਰ 'ਤੇ ਇਹ ਦੁਆ ਪੜ੍ਹਿਆ ਕਰਦੇ ਸਨ ਅਤੇ ਉਸਦੇ ਨਾਲ਼ ਕਈ ਵਾਰ ਇਹ ਅਲਫ਼ਾਜ਼ ਵਧਾਇਆ ਕਰਦੇ ਸਨ صَدَقَ اللّٰهُ وَعْدَهُ وَنَصَرَ عَبْدَهُ وَهَزَمَ الْأَحْزَابَ وَحْدَهُ ਯਾਨੀ ਸਾਡੇ ਖ਼ੁਦਾ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਆਪਣੇ ਬੰਦੇ ਦੀ ਸਹਾਇਤਾ ਕੀਤੀ ਅਤੇ ਦੁਸ਼ਮਣ ਦੀ ਫ਼ੌਜ ਨੂੰ ਆਪਣੇ ਦਮ ਨਾਲ਼ ਪੈਰਾਂ ਹੇਠ ਲਤਾੜਿਆ।

ਇਹ ਦੁਆ ਇੱਕ ਖ਼ਾਸ ਹਾਲਤ ਆਪਣੇ ਅੰਦਰ ਰੱਖਦੀ ਹੈ ਅਤੇ ਇਸ ਦੁਆ ਨਾਲ਼ ਉਨ੍ਹਾਂ ਜਜ਼ਬਾਤਾਂ ਨੂੰ ਪੜ੍ਹਨ ਦਾ ਮੌਕ਼ਾ ਮਿਲ਼ਦਾ ਹੈ ਜਿਹੜੇ ਉਸ ਖ਼ਤਰਨਾਕ ਦੌਰ ਵਿੱਚ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਪਵਿੱਤਰ ਦਿਲ ਵਿੱਚ ਮੌਜੂਦ ਸਨ ਅਤੇ ਜਿਨ੍ਹਾਂ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਸਹਾਬਾ ਦੇ ਅੰਦਰ ਪੈਦਾ ਕਰਨਾ ਚਾਹੁੰਦੇ ਸਨ। ਇਸ ਦੁਆ ਵਿੱਚ ਇੱਕ ਤੜਪ ਛੁਪੀ ਹੋਈ ਹੈ ਕਿ ਜਿਹੜੀ ਰੋਕ ਮੁਸਲਮਾਨਾਂ ਦੀ ਇਬਾਦਤ ਗੁਜ਼ਾਰੀ ਅਤੇ ਇਸਲਾਮ ਦੀ ਅਮਨ ਵਾਲ਼ੀ ਤਬਲੀਗ਼ ਦੇ ਰਸਤੇ ਵਿੱਚ ਪਾਈ ਜਾ ਰਹੀ ਹੈ ਅੱਲਾਹ ਤਆਲਾ ਉਸਨੂੰ ਦੂਰ ਕਰੇ।

ਇੱਕ ਸਿਰੀਆ ਜ਼ੈਦ ਬਿਨ ਹਾਰਸਾ ਹੈ ਜਿਹੜਾ 06 ਹਿਜਰੀ ਵਿੱਚ ਹੋਇਆ। ਇਸ ਸਿਰੀਆ ਵਿੱਚ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ੈਦ ਬਿਨ ਹਾਰਸਾ ਰਜ਼ਿ ਅੱਲਾਹੁ ਅਨਹੁ ਨੂੰ ਪੰਦਰਾਂ (15) ਆਦਮੀਆਂ ਨਾਲ ਬਨੂ ਸਾਅਲਬਾ ਬਿਨ ਸਾਅਦ ਵੱਲ ਭਿਜਵਾਇਆ। ਇਸ ਸਿਰੀਆ ਵਿੱਚ ਲੜਾਈ ਦੀ ਨੌਬਤ ਨਾ ਆਈ।

ਇਹ ਸਿਲਸਿਲਾ ਅਗਾਂਹ ਜਾਰੀ ਰਹਿਣ ਦਾ ਇਰਸ਼ਾਦ ਕਰਨ ਦੇ ਬਾਅਦ ਹਜ਼ੂਰ ਅਨਵਰ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਦੁਨੀਆ ਦੇ ਤੇਜ਼ੀ ਨਾਲ ਬਦਲਦੇ ਹਾਲਾਤਾਂ ਦੇ ਬਾਰੇ ਫ਼ਰਮਾਇਆ ਕਿ ਦੁਨੀਆ ਦੇ ਜਿਹੜੇ ਹਾਲਾਤ ਹਨ ਉਹ ਸਭ ਜਾਣਦੇ ਹਨ। ਸ਼ਾਮ ਵਿੱਚ ਜੋ ਹਾਲਾਤ ਉੱਭਰੇ ਹਨ ਉਹ ਹਾਲੇ ਸਪਸ਼ਟ ਨਹੀਂ ਹਨ। ਕਹਿਣ ਨੂੰ ਤਾਂ ਇੱਕ ਜ਼ਾਲਿਮ ਅਤੇ ਜਾਬਿਰ ਹਕੂਮਤ ਖ਼ਤਮ ਹੋਈ ਹੈ। ਦੁਆ ਕਰੋ ਕਿ ਆਉਣ ਵਾਲੀ ਹਕੂਮਤ ਇਨਸਾਫ਼ ਤੋਂ ਕੰਮ ਲੈਣ ਵਾਲੀ ਹੋਵੇ। ਅੱਲਾਹ ਤਆਲਾ ਇਨ੍ਹਾਂ ਇਲਾਕ਼ਿਆ ਵਿੱਚ ਅਹਮਦੀਆਂ ਨੂੰ ਆਪਣੀ ਹਿਫ਼ਾਜ਼ਤ ਵਿੱਚ ਰੱਖੇ। ਵਿਸ਼ਲੇਸ਼ਕ ਤਾਂ ਲਿਖਦੇ ਹਨ ਕਿ ਜਨਤਾ ਭਾਂਵੇਂ ਜ਼ੁਲਮ ਖ਼ਤਮ ਹੋਣ ‘ਤੇ ਖੁਸ਼ੀਆਂ ਮਨਾ ਰਹੀ ਹੈ ਪਰ ਅਗਾਂਹ ਕੀ ਹੋਵੇਗਾ ਕੁੱਝ ਨਹੀਂ ਪਤਾ। ਇਸਰਾਈਲ ਵੀ ਉਨ੍ਹਾਂ ਇਲਾਕ਼ਿਆਂ ‘ਤੇ ਬਿਨਾ ਕਿਸੇ ਕਾਰਣ ਹਮਲੇ ਕਰ ਰਿਹਾ ਹੈ, ਜ਼ਾਹਿਰੀ ਤੌਰ ‘ਤੇ ਤਾਂ ਇਸਲਾਮੀ ਦੁਨੀਆ ਦੇ ਖ਼ਿਲਾਫ਼ ਉਸਦੇ ਇਰਾਦੇ ਖ਼ਤਰਨਾਕ ਲੱਗਦੇ ਹਨ। ਪਾਕਿਸਤਾਨ ਦੇ ਲਈ ਵੀ ਇਸ ਹਵਾਲੇ ਨਾਲ ਬਹੁਤ ਦੁਆਵਾਂ ਕਰੋ, ਈਰਾਨ ਦੇ ਲਈ ਅਤੇ ਬਾਕ਼ੀ ਮੁਲਕਾਂ ਲਈ ਵੀ। ਅੱਲਾਹ ਤਆਲਾ ਮੁਸਲਮਾਨਾਂ ਨੂੰ ਵੀ ਅਕ਼ਲ ਦੇਵੇ। ਅੱਲਾਹ ਤਆਲਾ ਸਭ ਅਹਮਦੀਆਂ ਨੂੰ ਵੀ ਸੁਰੱਖਿਅਤ ਰੱਖੇ। ਅਹਮਦੀ ਨਾ ਤਾਂ ਮੁਸਲਮਾਨਾਂ ਦੇ ਹੱਥੋਂ ਸੁਰੱਖਿਅਤ ਹਨ ਅਤੇ ਨਾ ਹੀ ਇਨ੍ਹਾਂ ਗ਼ੈਰਾਂ ਦੇ ਹੱਥੋਂ, ਜਿਹੜੇ ਮੁਸਲਮਾਨਾਂ ਦੇ ਖ਼ਿਲਾਫ਼ ਹਨ। ਹਜ਼ੂਰ ਅਨਵਰ ਨੇ ਫ਼ਰਮਾਇਆ ਅੱਜ ਕੱਲ ਦੁਨੀਆ ਵਿੱਚ ਤੂਫ਼ਾਨ ਵੀ ਬਹੁਤ ਆ ਰਹੇ ਹਨ। ਅੱਲਾਹ ਤਆਲਾ ਦੁਨੀਆ ਨੂੰ ਆਸਮਾਨੀ ਆਫ਼ਤਾਂ ਤੋਂ ਵੀ ਸੁਰੱਖਿਅਤ ਰੱਖੇ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਦੋ (02) ਸੁਰਗ ਵਾਸੀਆਂ, ਸਤਿਕਾਰਯੋਗ ਅਮੀਰ ਹਸਨ ਮਰਾਂੜੀ ਸਾਹਿਬ ਸ਼ਹੀਦ ਸਪੁੱਤਰ ਦਰ ਮੁਹੰਮਦ ਸਾਹਿਬ ਨੁਸਰਤ ਆਬਾਦ ਮੀਰਪੁਰ ਖ਼ਾਸ, ਜਿਨ੍ਹਾਂ ਨੂੰ 13 ਦਿਸੰਬਰ ਦੀ ਸਵੇਰ ਨੂੰ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਗਿਆ। ਅਤੇ ਸਤਿਕਾਰਯੋਗ ਮੌਲਾਨਾ ਅਬਦੁਸ ਸੱਤਾਰ ਰਊਫ਼ ਸਾਹਿਬ ਮੁਬੱਲਿਗ਼ਿ ਸਿਲਸਿਲਾ ਮਲੇਸ਼ੀਆ ਦਾ ਜ਼ਿਕਰ ਕੀਤਾ ਅਤੇ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَأَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞